27-Nov_Punjab-3-10-9-Jacket-2-1-Star.qxd 11/27/2025 11:52 PM Page 1



## ਪੰਜਾਬ ਯੂਨੀਵਰਸਿਟੀ 'ਚ ਵਧ ਰਹੇ ਵਿਵਾਦ ਤੇ ਹਿੰਸਾ ਨੂੰ ਲੈ ਕੇ ਹਾਈ ਕੋਰਟ 'ਚ ਪਟੀਸ਼ਨ ਦਾਇਰ

ਚੰਡੀਗੜ੍ਹ, 27 ਨਵੰਬਰ (ਸੰਦੀਪ ਕੁਮਾਰ ਮਾਹਨਾ)-ਪੰਜਾਬ ਯੂਨੀਵਰਸਿਟੀ ਕੈਂਪਸ 'ਚ ਹਾਲ ਹੀ 'ਚ ਹੋਈ ਹਿੰਸਾ, ਪ੍ਰਸ਼ਾਸਕੀ ਬਲਾਕਾਂ ਵਿਚ ਵਿਦਿਆਰਥੀਆਂ ਅਤੇ ਬਾਹਰੀ ਸੰਗਠਨਾਂ ਦੇ ਜ਼ਬਰਦਸਤੀ ਦਾਖ਼ਲੇ ਅਤੇ ਵਿਗੜਦੀ ਕਾਨੂੰਨ ਵਿਵਸਥਾ ਦੇ ਸੰਬੰਧ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਇਕ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ। ਪਟੀਸ਼ਨ 'ਚ ਮੰਗ ਕੀਤੀ ਗਈ ਹੈ ਕਿ ਯੂਨੀਵਰਸਿਟੀ ਕੈਂਪਸ ਵਿਖੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਬਾਹਰੀ ਲੋਕਾਂ ਅਤੇ ਸਿਆਸੀ ਸੰਗਠਨਾਂ ਦੇ ਦਾਖ਼ਲੇ ਨੂੰ ਰੋਕਿਆ ਜਾਵੇ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਹਾਲ ਹੀ ਦੇ ਦਿਨਾਂ ਦੌਰਾਨ ਕੈਂਪਸ ਵਿਚ ਸਥਿਤੀ ਇਸ ਹੱਦ ਤੱਕ ਵਿਗੜ ਗਈ ਕਿ ਵਿਦਿਆਰਥੀਆਂ ਅਤੇ ਬਾਹਰੀ ਸਮੂਹਾਂ ਨੇ ਪ੍ਰਸ਼ਾਸਕੀ ਇਮਾਰਤ ਦੇ ਮੁੱਖ ਗੇਟ ਦੇ ਤਾਲੇ ਵੀ ਤੋੜ ਦਿੱਤੇ। ਜਿਸ ਨਾਲ ਸ਼ਾਂਤੀ ਭੰਗ ਹੋਈ, ਦੰਗੇ ਵਰਗੇ ਹਾਲਾਤ ਪੈਦਾ ਹੋ ਗਏ ਅਤੇ ਹਜ਼ਾਰਾਂ ਦੀ ਭੀੜ ਇਕੱਠੀ ਹੋ ਗਈ। ਪਟੀਸ਼ਨ 'ਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਇਨ੍ਹਾਂ ਘਟਨਾਵਾਂ ਦੇ ਵੀਡੀਓ ਅਤੇ ਫ਼ੋਟੋਆਂ ਇੰਟਰਨੈੱਟ 'ਤੇ ਉਪਲਬਧ ਹਨ।

## ਹੰਗੂ ਅੱਤਵਾਦੀ ਹਮਲੇ 'ਚ 3 ਪੁਲਿਸ ਅਧਿਕਾਰੀਆਂ ਦੀ ਮੌਤ

ਅੰਮ੍ਰਿਤਸਰ, 27 ਨਵੰਬਰ (ਸੁਰਿੰਦਰ ਕੋਛੜ)-ਬੀਤੀ ਦੇਰ ਰਾਤ ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਹੰਗੂ ਸ਼ਹਿਰ 'ਚ ਇਕ ਪੁਲਿਸ ਚੌਕੀ 'ਤੇ ਹੋਏ ਅੱਤਵਾਦੀ ਹਮਲੇ ਵਿਚ ਤਿੰਨ ਅਧਿਕਾਰੀ ਮਾਰੇ ਗਏ ਅਤੇ ਦੋ ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਅੱਤਵਾਦੀਆਂ ਨੇ ਹੰਗੂ ਦੇ ਸ਼ਾਹੂ ਰੋਡ ਖੇਤਰ 'ਚ ਕਾਜ਼ੀ ਤਲਾਬ ਪੁਲਿਸ ਚੌਕੀ ਨੂੰ ਨਿਸ਼ਾਨਾ ਬਣਾਇਆ। ਜ਼ਿਲ੍ਹਾ ਪੁਲਿਸ ਅਧਿਕਾਰੀ (ਡੀ. ਪੀ. ਓ.) ਖ਼ਾਨ ਜ਼ੇਬ ਖ਼ਾਨ ਨੇ ਕਿਹਾ ਕਿ ਮਾਰੇ ਗਏ ਲੋਕਾਂ 'ਚ ਖ਼ੁਫ਼ੀਆ ਏਜੰਸੀ ਦੇ ਇਕ ਅਧਿਕਾਰੀ ਸਮੇਤ ਐੱਲ. ਐੱਚ. ਸੀ. ਵਹੀਦ ਸ਼ਾਹ ਅਤੇ ਕਾਂਸਟੇਬਲ ਅਬਦੁਲ ਸਮਦ ਸ਼ਾਮਿਲ ਹਨ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪਿਸ਼ਾਵਰ ਦੇ ਮਤਨੀ ਖੇਤਰ 'ਚ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਅੱਤਵਾਦੀਆਂ ਨੇ ਬੰਬ ਧਮਾਕੇ ਕਰਕੇ ਗੈਸ ਪਾਈਪਲਾਈਨ ਨੂੰ ਉਡਾ ਦਿੱਤਾ, ਜਿਸ ਨਾਲ ਪਿਸ਼ਾਵਰ, ਸਵਾਤ ਅਤੇ ਮਰਦਾਨ ਲਈ ਸਪਲਾਈ ਪੂਰੀ ਤਰ੍ਹਾਂ ਠੱਪ ਹੋ ਗਈ।




# ਮੋਗਾ ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ ਨੂੰ 'ਆਪ' ਨੇ ਪਾਰਟੀ 'ਚੋਂ ਕੱਢਿਆ

### ਇਕ ਔਰਤ ਨੇ ਲਗਾਏ ਪਰਚੇ 'ਚੋਂ ਨਾਂਅ ਕਢਵਾਉਣ ਲਈ 5 ਲੱਖ ਰੁਪਏ ਲੈਣ ਦੇ ਦੋਸ਼

**ਸੁਰਿੰਦਰਪਾਲ ਸਿੰਘ, ਗੁਰਤੇਜ ਸਿੰਘ ਬੱਬੀ**

ਮੋਗਾ, 27 ਨਵੰਬਰ-ਅੱਜ ਮੋਗਾ ਦੀ ਸਿਆਸਤ 'ਚ ਉਸ ਸਮੇਂ ਵੱਡਾ ਭੂਚਾਲ ਆ ਗਿਆ ਜਦੋਂ ਨਗਰ ਨਿਗਮ ਮੋਗਾ ਦੇ ਮੇਅਰ ਬਲਜੀਤ ਸਿੰਘ ਚਾਨੀ ਨੇ ਆਪਣਾ ਅਸਤੀਫ਼ਾ ਨਗਰ ਨਿਗਮ ਕਮਿਸ਼ਨਰ ਮੋਗਾ ਨੂੰ ਸੌਂਪ ਦਿੱਤਾ। ਦੱਸ ਦੇਈਏ ਕੇ ਮੋਗਾ ਤੋਂ ਕੋਰੀਅਰ ਰਾਹੀਂ ਅਫ਼ੀਮ ਭੇਜਣ ਦੇ ਮਾਮਲੇ ਵਿਚ ਕਥਿਤ ਤੌਰ 'ਤੇ ਮੋਗਾ ਪੁਲਿਸ ਜਾਂਚ ਕਰ ਰਹੀ ਸੀ ਤੇ ਪੁਲਿਸ ਜਾਂਚ ਵਿਚ ਇਹ ਪਾਇਆ ਗਿਆ ਕਿ ਗੋਧੇਵਾਲਾ ਬਸਤੀ ਦੀ ਵਸਨੀਕ ਇਕ ਔਰਤ ਮਨਦੀਪ ਕੌਰ ਨੇ ਕੋਰੀਅਰ ਰਾਹੀਂ ਵਿਦੇਸ਼ ਵਿਚ ਅਫ਼ੀਮ ਭੇਜਣ ਦੀ ਕੋਸ਼ਿਸ਼ ਕੀਤੀ ਸੀ ਪਰ ਕੋਰੀਅਰ ਮਾਲਕ ਨੂੰ ਪਤਾ ਲੱਗਣ 'ਤੇ ਉਸ ਨੇ ਉਕਤ ਪਾਰਸਲ ਮੋਗਾ ਪੁਲਿਸ ਨੂੰ ਸੌਂਪ ਦਿੱਤਾ ਸੀ। ਇਸੇ ਹੀ ਮਾਮਲੇ 'ਚ ਕੋਰੀਅਰ ਰਾਹੀਂ ਅਫ਼ੀਮ ਭੇਜਣ ਵਾਲੀ ਔਰਤ ਮਨਦੀਪ ਕੌਰ ਨੇ ਮੇਅਰ ਬਲਜੀਤ ਸਿੰਘ ਚਾਨੀ 'ਤੇ ਇਹ ਗੰਭੀਰ ਦੋਸ਼ ਲਗਾਇਆ ਕਿ ਉਸ ਨੇ ਉਸ ਤੋਂ 5 ਲੱਖ ਰੁਪਏ ਇਸ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੇ ਲਏ ਸਨ ਪਰ ਉਸ 'ਤੇ ਫਿਰ ਵੀ ਮਾਮਲਾ



ਦਰਜ ਹੋ ਗਿਆ। ਦੱਸ ਦੇਈਏ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਅਸਰ ਰਸੂਖ਼ ਰੱਖਦੇ ਹੋਏ ਮੇਅਰ ਬਲਜੀਤ ਸਿੰਘ ਚਾਨੀ ਨੇ ਇਸ ਕੋਰੀਅਰ ਮਾਮਲੇ ਵਿਚ ਜਾਂਚ ਲਗਵਾ ਦਿੱਤੀ ਸੀ ਪਰ ਪੁਲਿਸ ਜਾਂਚ ਵਿਚ ਇਹ ਪਾਇਆ ਗਿਆ ਕਿ ਉਕਤ ਔਰਤ ਹੀ ਕੋਰੀਅਰ ਰਾਹੀਂ ਅਫ਼ੀਮ ਭੇਜਣ ਦੀ ਦੋਸ਼ੀ ਹੈ ਅਤੇ ਇਹ ਵੀ ਪਤਾ ਲੱਗਾ ਹੈ ਕਿ ਉਕਤ ਔਰਤ ਦੀ ਗ੍ਰਿਫ਼ਤਾਰੀ ਵੀ ਪੁਲਿਸ ਨੇ ਕਰ ਲਈ ਹੈ। ਉਸ ਔਰਤ ਨੇ ਪੁਲਿਸ ਨੂੰ ਦੱਸਿਆ ਕਿ ਉਸ ਤੋਂ ਇਸ ਮਾਮਲੇ ਵਿਚ ਮੇਅਰ ਬਲਜੀਤ ਸਿੰਘ ਚਾਨੀ ਨੇ ਪੰਜ ਲੱਖ ਰੁਪਏ ਲਏ ਹਨ। ਬੇਸ਼ੱਕ ਆਪਣੀ ਸ਼ਾਖ਼ ਬਚਾਉਣ ਲਈ ਹਲਕੇ ਦੀ ਮੌਜੂਦਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵਲੋਂ ਮੇਅਰ ਚਾਨੀ ਦਾ ਅਸਤੀਫ਼ਾ ਲੈ ਲਿਆ ਗਿਆ ਹੈ ਪਰ ਇਸ ਮਾਮਲੇ ਵਿਚ 'ਆਪ' ਸਰਕਾਰ ਵੱਡੇ ਸੁਆਲਾਂ ਦੇ ਘੇਰੇ ਵਿਚ ਆਈ ਹੋਈ ਹੈ ਕਿਉਂਕਿ ਨਗਰ ਨਿਗਮ ਦੇ ਕੰਮ 'ਚ ਸ਼ੁਰੂ ਤੋਂ ਹੀ ਵਿਕਾਸ ਕਾਰਜ ਰੁਕੇ ਹੋਏ ਸਨ ਅਤੇ ਹੋਰ ਪਾਰਟੀਆਂ ਨਾਲ ਸੰਬੰਧਿਤ ਕੌਂਸਲਰ ਵਾਰ-ਵਾਰ ਦੋਸ਼ ਲਗਾ ਰਹੇ ਸਨ ਕਿ ਉਨ੍ਹਾਂ ਨਾਲ ਉਨ੍ਹਾਂ ਦੇ ਵਾਰਡਾਂ ਵਿਚ ਵਿਕਾਸ ਕਾਰਜਾਂ ਨੂੰ ਲੈ ਕੇ ਵਿਤਕਰਾ ਕੀਤਾ ਜਾ ਰਿਹਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇਸ ਮਾਮਲੇ ਨੂੰ ਗੰਭੀਰਤਾ

(ਬਾਕੀ ਸਫ਼ਾ 10 'ਤੇ)



ਗੁਰਦੁਆਰਾ ਸੀਸਗੰਜ ਵਿਖੇ 'ਸੀਸ ਸਸਕਾਰ ਦਿਵਸ' ਸੰਬੰਧੀ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਦੀ ਅਰਦਾਸ ਕਰਦੇ ਹੋਏ ਗ੍ਰੰਥੀ ਸਿੰਘ।

# 'ਸੀਸ ਸਸਕਾਰ ਦਿਵਸ' ਸੰਬੰਧੀ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ

ਸ੍ਰੀ ਅਨੰਦਪੁਰ ਸਾਹਿਬ, 27 ਨਵੰਬਰ (ਜੇ. ਐਸ. ਨਿੱਕੂਵਾਲ)-ਗੁਰੂ ਤੇਗ ਬਹਾਦਰ ਸਾਹਿਬ, ਉਨ੍ਹਾਂ ਦੇ ਅਨਿਨ ਸੇਵਕ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਤਹਿਤ 29 ਨਵੰਬਰ ਨੂੰ ਹੋ ਰਹੇ 'ਸੀਸ ਸਸਕਾਰ ਦਿਵਸ' ਸੰਬੰਧੀ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਅਖੰਡ ਪਾਠ ਸਾਹਿਬ ਦੀ ਆਰੰਭਤਾ ਦੀ ਅਰਦਾਸ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਅਰਦਾਸੀਏ ਭਾਈ ਗੁਰਚਰਨ ਸਿੰਘ

(ਬਾਕੀ ਸਫ਼ਾ 10 'ਤੇ)

**ਸ੍ਰੀ ਕੀਰਤਪੁਰ ਸਾਹਿਬ ਵਿਖੇ ਅੱਜ ਪੁੱਜੇਗਾ ਸ਼ਹੀਦੀ ਨਗਰ ਕੀਰਤਨ**

# ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਗ੍ਰਹਿ ਵਿਭਾਗ ਤੋਂ ਪੰਜਾਬ 'ਚ ਗ਼ੈਰ ਨਿਆਇਕ ਮੁਕਾਬਲਿਆਂ ਸੰਬੰਧੀ ਮੰਗੀ ਰਿਪੋਰਟ

### ਪੁਲਿਸ ਅਧਿਕਾਰੀਆਂ ਦੀ ਕਾਰਗੁਜ਼ਾਰੀ ਦੇ ਮੁਲਾਂਕਣ 'ਚ ਮੁਕਾਬਲਿਆਂ ਦੀ ਭੂਮਿਕਾ 'ਤੇ ਉੱਠੇ ਸਵਾਲ

**ਹਰਜਿੰਦਰ ਸਿੰਘ ਲਾਲ**

ਖੰਨਾ, 27 ਨਵੰਬਰ-ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐਨ. ਐਚ. ਆਰ. ਸੀ.) ਨੇ ਪੰਜਾਬ ਵਿਚ ਪੁਲਿਸ ਵਲੋਂ ਕਥਿਤ ਗੈਰ-ਨਿਆਇਕ ਹੱਤਿਆਵਾਂ ਜਾਂ ਤਥਾਕਥਿਤ ਪੁਲਿਸ ਮੁਕਾਬਲਿਆਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਕਾਰਵਾਈਆਂ ਬਾਰੇ ਗੰਭੀਰ ਚਿੰਤਾ ਜ਼ਾਹਿਰ ਕੀਤੀ ਹੈ। ਕਮਿਸ਼ਨ ਨੇ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ. ਪੀ.) ਵਲੋਂ ਪੁਲਿਸ ਅਧਿਕਾਰੀਆਂ ਨੂੰ ਦਿੱਤੀਆਂ ਕਥਿਤ ਹਦਾਇਤਾਂ ਦੀ ਸ਼ਿਕਾਇਤ ਦੇ ਚੱਲਦਿਆਂ ਰਾਜ ਦੇ ਗ੍ਰਹਿ ਸਕੱਤਰ ਨੂੰ ਨੋਟਿਸ ਜਾਰੀ ਕੀਤਾ ਹੈ ਅਤੇ ਇਨ੍ਹਾਂ ਗੰਭੀਰ ਦੋਸ਼ਾਂ 'ਤੇ ਕਾਰਵਾਈ ਦੀ ਰਿਪੋਰਟ (ਐਕਸ਼ਨ ਟੇਕਨ ਰਿਪੋਰਟ) ਪੇਸ਼ ਕਰਨ ਦੀ ਮੰਗ ਵੀ ਕੀਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 25 ਨਵੰਬਰ ਨੂੰ ਜਾਰੀ ਕੀਤਾ ਗਿਆ ਨੋਟਿਸ ਸੁਪਰੀਮ ਕੋਰਟ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਇਕ ਵਕੀਲ ਨਿਖਿਲ ਸ਼ਰਾਫ਼ ਵਲੋਂ ਦਾਇਰ ਕੀਤੀ ਇਕ ਸ਼ਿਕਾਇਤ ਦੇ ਆਧਾਰ 'ਤੇ ਕੀਤਾ ਗਿਆ ਹੈ। ਇਹ ਨੋਟਿਸ ਕਥਿਤ ਰੂਪ ਵਿਚ ਪੁਲਿਸ ਅਧਿਕਾਰੀਆਂ ਦੇ ਇਕ ਵਟਸਐਪ ਗਰੁੱਪ ਵਿਚ ਡੀ. ਜੀ. ਪੀ. ਵਲੋਂ ਭੇਜੇ ਗਏ ਇਕ ਮੈਸੇਜ ਦੇ ਸਕ੍ਰੀਨਸ਼ਾਟ ਨੂੰ ਅਧਾਰ ਬਣਾ ਕੇ ਕੀਤੀ ਗਈ ਸ਼ਿਕਾਇਤ ਦੇ ਆਧਾਰ ਤੇ ਜਾਰੀ ਕੀਤਾ ਗਿਆ ਹੈ। ਦੋਸ਼ ਲਾਇਆ ਗਿਆ ਹੈ ਕਿ ਉਪਰੋਕਤ ਮੈਸੇਜ ਵਿਚ ਡੀ. ਜੀ. ਪੀ. ਨੇ ਗਰੁੱਪ ਵਿਚ ਇਕ ਐਸ. ਐਸ. ਪੀ. ਨੂੰ ਸ਼ਾਬਾਸ਼ ਦਿੱਤੀ ਤੇ ਕਿਹਾ ਕਿ ਸੀ ਕਿ ਕੁਝ ਜ਼ਿਲ੍ਹਿਆਂ ਵਿਚ ਪੁਲਿਸ ਮੁਕਾਬਲਿਆਂ ਦੀ ਗਿਣਤੀ ਜ਼ੀਰੋ ਹੈ ਜਾਂ ਬਹੁਤ ਘੱਟ ਹੈ। ਇਸ ਦਾ ਮੁਲਾਂਕਣ ਉਸ ਵੇਲੇ ਕੀਤਾ ਜਾਵੇਗਾ ਜਦੋਂ ਨਸ਼ਾ ਤਸਕਰੀ ਅਤੇ ਸੰਗਠਿਤ ਅਪਰਾਧਾਂ ਵਿਰੁੱਧ ਪੁਲਿਸ ਦੇ ਪ੍ਰਦਰਸ਼ਨ ਦਾ ਮੁਲਾਂਕਣ ਕੀਤਾ ਜਾਵੇਗਾ। ਸ਼ਿਕਾਇਤਕਰਤਾ ਵਕੀਲ ਨਿਖਿਲ ਸਾਰਫ ਨੇ ਐਨ. ਐਚ. ਆਰ. ਸੀ. ਵਿੱਚ ਦਰਜ ਕੀਤੀ ਗਈ ਸ਼ਿਕਾਇਤ ਵਿੱਚ ਕਿਹਾ ਹੈ ਕਿ ਇਹ ਵਟਸਐਪ ਸੁਨੇਹਾ ਕਿਸੇ ਪੱਤਰਕਾਰ ਦੇ ਐਕਸ ਅਕਾਊਂਟ ਤੋਂ ਲਿਆ ਗਿਆ ਹੈ। ਕਮਿਸ਼ਨ ਨੇ ਰਾਜ ਸਰਕਾਰ ਨੂੰ ਦੋ ਹਫ਼ਤਿਆਂ ਦੇ ਵਿਚ ਵਿੱਚ ਕਾਰਵਾਈ ਰਿਪੋਰਟ ਐਨ. ਐਚ. ਆਰ. ਸੀ. ਦੇ ਆਨਲਾਈਨ ਪੋਰਟਲ ਤੇ ਹੀ ਜਮ੍ਹਾ ਕਰਵਾਉਣ ਦੇ ਆਦੇਸ਼ ਦਿੱਤੇ ਹਨ।

**ਕੀ ਪੰਜਾਬ ਪੁਲਿਸ ਤੇ ਸਰਕਾਰ ਦਬਾਅ 'ਚ ਆਵੇਗੀ ?**

ਇਸ ਗੱਲ ਦੀ ਗੰਭੀਰ ਚਰਚਾ ਹੈ ਕਿ ਇਸ ਨੋਟਿਸ ਨਾਲ ਪੰਜਾਬ ਸਰਕਾਰ ਅਤੇ ਪੁਲਿਸ ਵਿਭਾਗ ਤੇ ਵੱਡਾ ਦਬਾਅ ਪੈ ਸਕਦਾ ਹੈ। ਕਿਉਂ ਕਿ ਰਾਜ ਸਰਕਾਰ ਨੂੰ ਹੁਣ ਇਹ ਸਪਸ਼ਟ ਕਰਨਾ ਪਵੇਗਾ ਕਿ ਕੀ ਪੁਲਿਸ ਅਧਿਕਾਰੀਆਂ ਨੂੰ ਅਜਿਹੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ ਜੋ ਮੁਕਾਬਲਿਆਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਮਾਪਦੰਡ ਬਣਾਉਂਦੀਆਂ ਹਨ ?




CMYK